# ਸਿੰਘ ਸਭਾ ਲਹਿਰ ਦੇ ਸਿਧਾਂਤਕ ਆਧਾਰ: ਇਤਿਹਾਸਕ ਪਰਿਪੇਖ

ਡਾ: ਗੁਰਮੇਲ ਸਿੰਘ*

## ਭੂਮਿਕਾ

ਇਤਿਹਾਸ ਮਨੁਖੀ ਗਿਆਨ ਦੀ ਇਕ ਅਜਿਹੀ ਗਿਆਨ-ਸ਼ਾਖਾ ਹੈ, ਜਿਸ ਵਿਚ ਭੂਗੋਲ ਤੇ ਕਾਲ ਦੇ ਸੰਦਰਭ ਵਿਚ ਹੀ ਘਟਨਾਵਾਂ ਜਾਂ ਕਾਰਜਾਂ ਨੂੰ ਰਖ ਕੇ ਸਮਝਣਾ ਪੈਂਦਾ ਹੈ। ਇਤਿਹਾਸਕ ਕਾਲ-ਪ੍ਰਵਾਹ ਦੀ ਅਟੁਟ-ਗਤੀ ਦੇ ਕਿਸੇ ਬਿੰਦੂ ਉਤੇ ਪੈਦਾ ਹੋਈ ਕੋਈ ਸ਼ਖਸੀਅਤ; ਘਟੀ ਗਈ ਕੋਈ ਘਟਨਾ; ਸਿਰਜੀ ਗਈ ਕਿਸੇ ਰਚਨਾ ਆਦਿ ਦੀ ਹੋਂਦ/ਅਸਤਿਤ੍ਵ ਦੇ ਕਈ ਪਾਸਾਰ ਹੁੰਦੇ ਹਨ। ਇਨ੍ਹਾਂ ਪਾਸਾਰਾਂ ਦੀ ਇਕ ਦਿਸ਼ਾ ਸਮਕਾਲੀ ਸਭਿਆਚਾਰ ਤੇ ਵਿਭਿੰਨ ਪ੍ਰਕਾਰੀ ਪ੍ਰਸਥਿਤੀਆਂ ਨਾਲ ਗਹਿਰੀ ਸੰਬੰਧਿਤ ਹੁੰਦੀ ਹੈ; ਦੂਜੇ ਸ਼ਬਦਾਂ ਵਿਚ ਕੋਈ ਅਸਤਿਤ੍ਵ ਸਮਕਾਲੀ ਪਾਸਾਰਾਂ ਵਿਚ ਅਰਥ ਗ੍ਰਹਿਣ ਕਰਦਾ ਹੈ ਤੇ ਅਸਤਿਤ੍ਵ ਦੇ ਭਾਵ-ਜਗਤ ਦੀ ਸਿਰਜਣਸ਼ੀਲਤਾ ਬਾਰੇ ਥਾਹ, ਸਮਕਾਲੀ ਪਾਸਾਰਾਂ ਦੀ ਗ੍ਰਹਿਣਸ਼ੀਲਤਾ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ (ਭਾਵੇਂ ਕਿ ਇਹ ਸਿਧਾਂਤ ਸ਼ਬਦ-ਕੇਂਦਰਿਤ/ਇਲਹਾਮੀ ਸਿਰਜਣਾਨਾਵਾਂ ਉਤੇ ਲਾਗੂ ਨਹੀਂ ਹੁੰਦਾ)। ਇਸੇ ਸੰਦਰਭ ਵਿਚ ਹਥਲੇ ਪਰਚੇ ਦਾ ਮਨੋਰਥ ਸਿੰਘ ਸਭਾ ਲਹਿਰ ਦੇ ਉਸ ਸਮਕਾਲ ਨੂੰ ਸੰਖੇਪ ਵਿਚ ਸਮਝਣਾ ਹੈ, ਜਿਸ ਸਮਕਾਲ ਵਿਚ ਇਹ ਲਹਿਰ ਪੈਦਾ ਹੋਈ, ਅਤੇ ਜਿਸ ਪਰਿਪੇਖ ਵਿਚ ਇਸ ਨੇ ਆਪਣਾ ਮਿਸ਼ਨ ਤਹਿ ਕੀਤਾ। ਇਤਿਹਾਸਕ ਪਰਿਪੇਖ ਵਿਚ ਇਥੇ ਇਸ ਲਹਿਰ ਦੇ ਸਿਧਾਂਤਕ ਆਧਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਤਿਹਾਸ-ਸੀਮਾ ਤੋਂ ਸਾਡਾ ਇਥੇ ਭਾਵ ਪੰਜਾਬ ਤੇ ਸਿਖ-ਵਿਸ਼ੇਸ਼ ਨਾਲ ਹੈ।

1.1 ਸਿੰਘ ਸਭਾ ਲਹਿਰ

1.1.1 ਸਮਾਂ ਤੇ ਸਥਿਤੀ

ਸਿਖ ਇਤਿਹਾਸ ਦੇ ਜਿਸ ਕਾਲ-ਖੰਡ ਨਾਲ ਹਥਲੇ ਵਿਸ਼ੇ ਦਾ ਸੰਬੰਧ ਹੈ, ਉਹ 19 ਵੀਂ ਸਦੀ ਦੇ ਆਖਰੀ ਤੇ 20ਵੀਂ ਸਦੀ ਦੇ ਮੁਢਲੇ ਕੁਝ ਦਹਾਕੇ ਹਨ। ਇਸ ਸਮੇਂ ਦੇ ਇਤਿਹਾਸ ਵਿਸ਼ੇਸ਼ ਕਾਲ ਨੂੰ 'ਲਹਿਰ-ਕਾਲ' ਦੇ ਨਾਮਕਰਨ ਹੇਠ ਰਖਿਆ ਜਾ ਸਕਦਾ ਹੈ, ਕਿਉਂਕਿ ਇਸ ਸਮੇਂ ਦੌਰਾਨ ਦਾ ਸਮਾਜਿਕ, ਧਾਰਮਿਕ ਜਾਂ ਰਾਜਸੀ ਵਾਤਾਵਰਣ ਨਿਰੰਕਾਰੀ, ਨਾਮਧਾਰੀ, ਸਿੰਘ ਸਭਾ ਅਦਿ ਲਹਿਰਾਂ ਦੇ ਉਥਾਨ, ਵਿਕਾਸ, ਕਾਰਜ ਜਾਂ ਪਤਨ ਨਾਲ ਭਰਪੂਰ ਹੈ। ਇਨ੍ਹਾਂ ਲਹਿਰਾਂ ਵਿਚੋਂ ਵੀ ਸਿਖ-ਅਵਚੇਤਨ ਦੀ ਪੁਨਰ-ਜਾਗਰਤੀ ਨਾਲ ਵਿਸ਼ੇਸ਼ ਸੰਬੰਧ ਰਖਦੀ ਲਹਿਰ, ਸਿੰਘ ਸਭਾ ਲਹਿਰ ਹੈ, ਜਿਸ ਦੇ ਜਾਰੀ ਅਮਲ ਦੀ ਨਿਰੰਤਰਤਾ ਵਿਚ ਗੁਰਦੁਆਰਾ ਸੁਧਾਰ ਲਹਿਰ,

ਅਕਾਲੀ ਲਹਿਰ (ਬੱਬਰ ਅਕਾਲੀ ਤੇ ਗੁਰਦੁਆਰਾ ਸੁਧਾਰ ਅਕਾਲੀ) ਆਦਿ ਵੀ ਸ਼ਾਮਿਲ ਹਨ। ਸਮਕਾਲੀ ਲਹਿਰਾਂ ਵਿਚ ਇਹੋ ਇਕ ਲਹਿਰ ਹੈ, ਜਿਸ ਨੇ ਸਿਖ ਪੁਨਰ-ਜਾਗਰਤੀ ਨੂੰ ਵਡੇ ਕੈਨਵਸ ਤਕ ਪਰਿਭਾਸ਼ਤ ਤੇ ਪ੍ਰਭਾਵਿਤ ਕੀਤਾ; ਦੂਜਾ ਸਿਖ ਮੂਲ-ਧਾਰਾ ਦੀ ਸਹੀ ਪਰਿਪੇਖ ਵਿਚ, ਹੋਰ ਸਮਕਾਲੀ ਲਹਿਰਾਂ ਦੇ ਮੁਕਾਬਲਤਨ, ਇਹੋ ਲਹਿਰ ਪ੍ਰਤੀਨਿਧਤਾ ਕਰਦੀ ਹੈ ਤੇ ਤੀਸਰਾ ਇਸੇ ਲਹਿਰ ਦੁਆਰਾ ਸਿਰਜੀ ਪੁਨਰ-ਜਾਗਰਤੀ ਦੀ ਚੇਤਨਾ ਵਿਚਰਟ ਹੀ ਕਈ ਮਾਣਯੋਗ ਸ਼ਖਸੀਅਤਾਂ (ਜਿਵੇਂ ਇਥੇ ਵਿਚਾਰਾਧੀਨ ਗਿ. ਦਿਤ ਸਿੰਘ...) ਪੈਦਾ ਹੋਈਆਂ ਅਤੇ ਸਿਖ ਸਾਹਿਤ ਦਾ 'ਆਧੁਨਿਕ' ਮੁਹਾਂਦਰਾ ਨਿਖਰਿਆ. ਅਨੇਕ ਵਿਦਵਾਨਾਂ ਦੀ ਸ਼ਖਸੀਅਤ- ਬੌਧਿਕ, ਮਾਨਸਿਕ ਤੇ ਇਖਲਾਕ ਦੇ ਪਖੋਂ- ਇਸੇ ਲਹਿਰ ਦੇ ਹਵਾਲੇ ਵਿਚ ਹੀ ਠੋਸ ਰੂਪ ਗ੍ਰਹਿਣ ਕਰਦੀ ਹੈ।

## 1.1.2 ਸਰੂਪ, ਪ੍ਰਸਥਿਤੀ ਤੇ ਉਤਪਤੀ

ਸਿੰਘ ਸਭਾ ਲਹਿਰ, ਸਿਖ ਧਾਰਮਿਕ ਤੇ ਸਭਿਆਚਾਰਕ-ਅਵਚੇਤਨ ਦਾ ਪੁਨਰ-ਸਿਰਜਣ ਸੀ ਅਤੇ ਇਸ ਅਵਚੇਤਨ ਦਾ ਕੇਂਦਰ-ਬਿੰਦੂ 'ਪਛਾਣ' ਸੀ। ਇਸ ਲਹਿਰ ਨੇ ਸਿਖ ਧਰਮ, ਇਤਿਹਾਸ, ਰਹੁ-ਰੀਤਾਂ ਆਦਿ ਨੂੰ ਨਵੀਆਂ ਲੋੜਾਂ ਤੇ ਪ੍ਰਸਥਿਤੀਆਂ ਦੇ ਮੁਹਾਵਰੇ ਵਿਚ ਮੁੜ ਪਹਿਲੇ ਰੂਪ ਵਿਚ ਸਿਰਜਣ ਤੇ ਪਰਿਭਾਸ਼ਤ ਕਰਨ ਦਾ ਵਡਾ ਕਾਰਜ ਆਰੰਭਿਆ। ਇਸ ਸੰਦਰਭ ਵਿਚ ਇਸ ਲਹਿਰ ਦੇ ਬਹੁ-ਪਖੀ ਰੁਝਾਨਾਂ ਵਿਚੋਂ ਵਡੇ ਪਹਿਲੂ ਦੋ ਰੂਪਾਂ ਵਿਚ ਪਛਾਣੇ ਜਾ ਸਕਦੇ ਹਨ- ਪਹਿਲਾ ਸਮਕਾਲੀ ਵੰਗਾਰਾਂ/ਚੁਣੌਤੀਆਂ ਦਾ ਮੁਕਾਬਲਾ ਤੇ ਦੂਸਰਾ ਸਿਖ ਧਰਮ, ਇਤਿਹਾਸ, ਬੋਲੀ, ਸਭਿਆਚਾਰ ਆਦਿ ਦੀ ਸਟੀਕ ਵਿਆਖਿਆ। ਇਤਿਹਾਸਕਾਰਾਂ ਨੇ ਸਮਕਾਲੀ-ਵੰਗਾਰਾਂ ਜਾਂ ਚੁਣੌਤੀਆਂ ਦੀ ਲੰਮੀ ਸੂਚੀ ਵਿਚ ਅਨੇਕ ਪਧਰਾਂ ਦੇ ਕਾਰਨਾਂ ਦੀ ਤਲਾਸ਼ ਕੀਤੀ ਹੈ। ਮੁਖ ਤੌਰ ਉਤੇ ਤਿੰਨ ਕਾਰਨ ਵਿਚਾਰਨਯੋਗ ਹਨ:

(1) ਵਿਦੇਸ਼ੀ ਹਕੂਮਤ ਦੇ ਮਨਸੂਬੇ

(2) ਅਨਮਤਾਂ ਅਤੇ

(3) ਸਿਖ ਸਮਾਜ ਦੀ ਦਸ਼ਾ

(1) ਵਿਦੇਸ਼ੀ ਅੰਗਰੇਜ਼ ਹਕੂਮਤ ਦੀ ਸਰਪ੍ਰਸਤੀ ਉਤੇ ਪ੍ਰਮੁਖ ਚੁਣੌਤੀ ਬਣੇ ਸਨ - ਇਸਾਈਆਂ ਦੇ ਧਾਰਮਿਕ ਮਿਸ਼ਨ, ਜਿਸ ਤਹਿਤ ਉਨ੍ਹਾਂ ਈਸਾਈ ਧਰਮ ਦੇ ਪ੍ਰਚਾਰ/ਪ੍ਰਸਾਰ ਲਈ ਪੁਖਤਾ ਕਾਰਜ ਉਲੀਕੇ। ਸਿਖ ਰਾਜ ਦੀ ਸਮਾਪਤੀ ਤੇ ਸਿੰਘ ਸਭਾ ਲਹਿਰ ਦੀ ਉਤਪਤੀ ਦੇ ਵਿਚਕਾਰਲੇ ਦੋ-ਤਿੰਨ ਦਹਾਕਿਆਂ (1850-80) ਦੇ ਵਕਫ਼ੇ ਦਰਮਿਆਨ ਹੀ ਉਨ੍ਹਾਂ (ਬ੍ਰਿਟਿਸ਼ ਸਰਕਾਰ ਦੀ ਮਦਦ 'ਤੇ ਇਸਾਈਆਂ) ਨੇ ਸ਼ਿਮਲੇ ਤੋਂ ਕਰਾਚੀ ਤਕ ਦੀ ਸਰਹਦੀ ਰੇਖਾ ਉਤੇ 6 ਵਡੇ ਸਿਖਿਆ/ਮਿਸ਼ਨ ਕੇਂਦਰ- ਕੋਟਗੜ੍ਹ, ਕਾਂਗੜਾ, ਬੰਨੂੰ, ਡੇਰਾ ਇਸਮਾਈਲ ਖਾਨ, ਮੁਲਤਾਨ ਅਤੇ ਖਾਨਪੁਰ - ਸਥਾਪਿਤ ਕਰ ਲਏ ਸਨ। ਇਨ੍ਹਾਂ ਤੋਂ ਬਿਨਾਂ ਪੰਜਾਬ ਵਿਚ ਵੀ ਕਈ ਵਡੇ ਕੇਂਦਰ - ਜਿਵੇਂ ਤਰਨਤਾਰਨ, ਬਟਾਲਾ, ਨਾਰੋਵਾਲ ਆਦਿ - ਕਾਇਮ ਕਰਨ ਦੇ ਨਾਲ-ਨਾਲ ਈਸਾਈਅਤ ਦੇ ਪੁਖਤਾ ਪ੍ਰਚਾਰ ਲਈ ਦੋ ਵਿਸ਼ੇਸ਼ ਥਾਵਾਂ ਦੀ ਚੋਣ, ਬੜੇ ਚੇਤੰਨ ਪਧਰ ਉਤੇ ਕੀਤੀ। ਇਹ ਥਾਵਾਂ ਸਨ - ਪਿਸ਼ਾਵਰ ਤੇ ਅੰਮ੍ਰਿਤਸਰ। ਇਹ ਦੋਵੇਂ ਥਾਵਾਂ ਜੁਝਾਰੂ ਕੌਮਾਂ,

ਕ੍ਰਮਵਾਰ ਪਠਾਣ ਤੇ ਸਿੱਖਾਂ ਦਾ ਕੇਂਦਰੀ ਧੁਰਾ ਸਨ। ਇਨ੍ਹਾਂ ਕੇਂਦਰਾਂ ਉਤੇ ਵਿਚਾਰਧਾਰਕ ਕਬਜ਼ੇ (ਪ੍ਰਚਾਰ) ਦਾ ਸਿਧਾ ਮਤਲਬ ਸੀ, ਪਠਾਣਾਂ ਤੇ ਸਿੱਖਾਂ ਦੀ ਰੂਹ ਉਤੇ ਕਬਜ਼ਾ ਕਰਨਾ ਤੇ ਲੰਮੇ ਸਮੇਂ ਲਈ ਰਾਜਨੀਤਿਕ ਦਬਦਬੇ ਦੇ ਰਾਹ ਨੂੰ ਪਧਰਾ ਕਰਨਾ। ਇਸ ਤਥ ਦਾ ਖੁਲਾਸਾ ਸਰ ਐਚ. ਐਡਵਰਡਸ ਨੇ ਸਰ ਜ. ਲਾਰੰਸ ਨੂੰ ਇਕ (ਨਿੱਜੀ) ਖ਼ਤ ਦੇ ਜਵਾਬ ਵਿਚ ਕਰ ਦਿਤਾ ਸੀ।

ਇਸਾਈਅਤ ਦੇ ਪ੍ਰਚਾਰ/ਪ੍ਰਸਾਰ ਦਾ ਸਥਾਈ ਪ੍ਰਭਾਵ ਪਾਉਣ ਦਾ ਪੁਖਤਾ ਮੈਦਾਨ ਸੀ, ਖਾਲੀ ਪਿਆ ਵਿਦਿਅਕ ਖੇਤਰ। ਇਸ ਪਧਰੇ ਮੈਦਾਨ ਵਿਚ ਵਿਦਿਅਕ ਪਖੋਂ ਅਨੇਕ ਸਕੂਲ ਖੋਲ੍ਹ ਕੇ ਤੇ ਅਕਾਦਮਿਕ ਖੇਤਰ ਵਿਚ ਅਨੇਕ ਰਚਨਾਵਾਂ; ਹਵਾਲਾ ਗ੍ਰੰਥਾਂ ਆਦਿ ਦੀ ਸਿਰਜਣਾ ਰਾਹੀਂ ਉਨ੍ਹਾਂ ਦੁਆਰਾ ਪੈਰ ਪਸਾਰਨੇ ਸ਼ੁਰੂ ਕੀਤੇ ਗਏ।

(2) ਅਨਮਤਾਂ ਵਿਚੋਂ ਵਿਸ਼ੇਸ਼, ਆਰੀਆ ਸਮਾਜ ਵਲੋਂ ਮਿਲ ਰਹੀ ਚੁਣੌਤੀ ਦੀਆਂ ਕਈ ਪਰਤਾਂ ਸਨ। ਇਕ ਪਾਸੇ ਜਿਥੇ ਇਨ੍ਹਾਂ ਨੇ ਇਸਾਈ ਪ੍ਰਸਾਰ ਵਾਲੇ ਵਿਦਿਅਕ ਰੁਝਾਨ ਦੇ ਲਗਪਗ ਬਰਾਬਰ ਸਕੂਲਾਂ/ਕਾਲਜਾਂ ਦਾ ਵਿਸਤਾਰ ਸ਼ੁਰੂ ਕਰ ਲਿਆ ਸੀ ਤੇ ਆਧੁਨਿਕ ਪਛਮੀ ਵਿਦਿਆ ਦੇ ਲਾਭ ਵਿਚ ਮੋਹਰੀ ਹੋ ਗੁਜ਼ਰੇ ਸਨ, ਉਥੇ ਇਸ ਸਮਾਜ ਨੇ ਆਪਣੇ ਸਮਾਜ ਪ੍ਰਤੀ ਸਮਾਜਿਕ ਸੁਧਾਰਾਂ ਦੇ ਤਿਖੇ ਅਹਿਸਾਸ ਵਿਚ ਦੂਸਰੇ ਸਮਾਜ (ਖ਼ਾਸਕਰ ਸਿਖ ਸਮਾਜ) ਦੇ ਰਹਿਬਰਾਂ, ਮਾਣਤਾਵਾਂ, ਵਿਸ਼ਵਾਸਾਂ ਆਦਿ ਵਿਰੁਧ ਗੈਰ-ਜ਼ਿੰਮੇਵਾਰਾਨਾ ਘਟੀਆ ਰਵਈਆ ਵੀ ਅਖਤਿਆਰ ਕਰ ਲਿਆ, ਜਿਹੜਾ ਅਗਾਂਹ ਜਾ ਕੇ ਅਤਿ ਨਿਚਲੇ, ਸਤਹੀ ਤੇ ਫੂਹੜ ਕਿਸਮ ਦੀ ਦੂਸ਼ਣਬਾਜੀ ਵਿਚ ਬਦਲ ਗਿਆ ਸੀ। ਆਰੀਆ ਸਮਾਜੀਆਂ ਦੇ ਸਤਹੀ ਰਵਈਏ ਨੇ ਪੰਜਾਬ ਦੇ ਦੋ ਵੱਡੇ ਸਮਾਜਾਂ ਵਿਚ ਨਫ਼ਰਤ ਤੇ ਦੁਸ਼ਮਣੀ ਦੇ ਡੂੰਘੇ ਬੀਜ, ਬੀਜ ਦਿਤੇ।

(3) ਇਸ ਸਮੇਂ ਦੇ ਸਿਖ ਸਮਾਜ ਦੀ ਹਾਲਤ ਤਿੰਨ-ਚਾਰ ਪਧਰਾਂ ਉਤੇ ਵਿਚਾਰਨਯੋਗ ਹੈ, ਪਹਿਲਾ ਸਿਖ ਨੇੜ-ਭੂਤ ਵਿਚ ਹੀ ਆਪਣੀ ਰਾਜਸੀ ਸ਼ਕਤੀ ਗੁਆ ਕੇ ਹਟੇ ਸਨ, ਇਸ ਕਰਕੇ ਮਾਨਸਿਕ ਕਿਸਮ ਦਾ ਗਹਿਰਾ ਸੇਕ ਚੇਤੰਨ ਵਰਗਾਂ ਨੂੰ ਪਰੇਸ਼ਾਨੀ ਦੀ ਹਾਲਤ ਵਿਚ ਲੈ ਗਿਆ ਸੀ ਤੇ ਉਹ ਰਾਜਸੀ ਢੋਅ ਗੁਆ ਚੁਕੇ ਸਨ। ਸਾਧਾਰਨ ਸਿੱਖ ਸਮਾਜ ਮੁੜ ਉਸ ਪੁਰਾਤਨ ਪੰਥੀ ਜਿਲ੍ਹਣ ਵਿਚ ਫਸਦਾ ਜਾ ਰਿਹਾ ਸੀ, ਜਿਸ ਵਿਚੋਂ ਗੁਰੂ ਸਾਹਿਬਾਨ ਨੇ ਇਸ ਨੂੰ ਕਢਿਆ ਸੀ। ਇਥੋਂ ਤਕ ਕਿ ਕਰਮ-ਕਾਂਡ, ਮੂਰਤੀ ਪੂਜਾ, ਜਾਤ-ਪਾਤ ਆਦਿ ਜਿਹੀਆਂ ਜਿਲ੍ਹਣਾਂ ਸਿਖੀ ਸਭਿਆਚਾਰ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਤਕ ਵੀ ਪਹੁੰਚ ਰਹੀਆਂ ਸਨ। ਵਿਦਿਅਕ-ਪਖ ਤੋਂ ਸਿਖ ਸਮਾਜ ਬਹੁਤ ਪਿਛੇ ਸੀ। ਕੁਝ ਪਰੰਪਰਿਕ ਕਿਸਮ ਦੇ ਗੁਰਮੁਖੀ ਸਕੂਲ ਸਨ, ਜਿਨ੍ਹਾਂ ਰਾਹੀਂ ਬੱਚਿਆਂ ਨੂੰ ਗੁਰਮੁਖੀ ਸਿਖਾਈ ਜਾਂਦੀ ਸੀ।

ਪੰਥਕ ਦ੍ਰਿਸ਼ਟੀ ਤੋਂ ਕਮਜ਼ੋਰ ਪੈ ਰਹੀ ਏਕਤਾ ਨੇ ਚੇਤੰਨ ਵਰਗ ਨੂੰ ਸੋਚਣ ਲਈ ਮਜਬੂਰ ਕਰ ਦਿਤਾ ਸੀ, ਕਿਉਂਕਿ ਜਿਥੇ ਇਕ ਪਾਸੇ ਸੋਢੀਆਂ, ਬੇਦੀਆਂ, ਭੱਲਿਆਂ, ਨਾਮਧਾਰੀਆਂ ਤੇ ਆਮ ਭੇਖੀ ਸਾਧ-ਜਮਾਤਾਂ ਨੇ ਸ਼ਖ਼ਸੀ ਗੁਰੂ ਡੰਮ ਦੇ ਢੌਂਗ ਸ਼ੁਰੂ ਕਰ ਦਿਤੇ ਸਨ, ਉਥੇ ਲੰਮਾ ਸਮਾਂ ਪ੍ਰਤੀਨਿਧ ਸਿੱਖ ਜਮਾਤਾਂ/ਵਰਗਾਂ ਵਿਚ ਵੀ ਕਈ ਸਿਧਾਂਤਕ ਮਤਭੇਦਾਂ ਕਾਰਨ ਟਕਰਾਅ ਵਰਗੀ ਸਥਿਤੀ ਪੈਦਾ ਹੁੰਦੀ ਰਹੀ, ਜਿਵੇਂ ਅੰਮ੍ਰਿਤਸਰ ਤੇ ਲਾਹੌਰ ਸਿੰਘ ਸਭਾ ਦੀ ਧੜੇਬੰਦੀ ਨੇ, ਜਿਥੇ ਕਈ ਮਸਲਿਆਂ ਉਤੇ ਬੇਲੋੜਾ ਵਕਤ ਬਰਬਾਦ ਕੀਤਾ, ਉਥੇ ਪੰਥਕ ਏਕਤਾ ਦੀ ਚੂਲ ਨੂੰ ਵੀ ਢਿੱਲਾ ਕੀਤਾ। ਸਿੰਘ ਸਭਾ ਦੇ ਸਿਰਕਢ ਮੋਹਰੀ ਆਗੂ ਗਿ. ਦਿਤ ਸਿੰਘ ਨੇ ਸ੍ਵਪਨ ਨਾਟਕ

ਰਾਹੀਂ ਇਸ ਮਸਲੇ ਦੀ ਗਹਿਰੀ ਸਿਧਾਂਤਕ ਪੁਣ-ਛਾਣ ਵਿਅੰਗ ਸ਼ੈਲੀ ਵਿਚ ਕੀਤੀ ਸੀ।

ਉਪਰੋਕਤ ਬੁਨਿਆਦੀ ਕਾਰਨਾਂ ਤੋਂ ਇਲਾਵਾ ਕੁਝ ਕਾਰਨ, ਜਿਵੇਂ : 1873 ਈ. ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ (ਅਤਰ ਸਿੰਘ, ਸਾਧੂ ਸਿੰਘ, ਸੰਤੋਖ ਸਿੰਘ ਤੇ ਆਇਆ ਸਿੰਘ) ਦੁਆਰਾ ਈਸਾਈ ਹੋਣ ਦੀ ਇਛਾ ਕਰਨੀ, ਲਗਪਗ ਇਸੇ ਹੀ ਸਮੇਂ ਫਿਲੌਰ ਦੇ ਸ਼ਰਧਾ ਰਾਮ ਵਲੋਂ 'ਗੁਰੂ ਕੇ ਬਾਗ' ਵਿਚ ਆ ਕੇ ਭੜਕਾਊ ਭਾਸ਼ਣਾਂ ਰਾਹੀਂ ਗੁਰੂ ਸਾਹਿਬਾਨ ਦੀ ਸ਼ਾਨ ਦੇ ਖਿਲਾਫ਼ ਬੋਲਣਾ, ਆਦਿ ਸਿੰਘ ਸਭਾ ਦੀ ਉਤਪਤੀ ਦਾ ਤਤਕਾਲੀ ਕਾਰਨ ਬਣੇ। ਕੁਝ ਕਾਰਨ ਜਿਵੇਂ 'ਸਤਿਆਰਥ' (੧ਓ) ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਦੇ ਖਿਲਾਫ਼ ਟਿਪਣੀਆਂ; 1877 ਈ. ਵਿਚ ਡਾ. ਟਰੰਪ ਦਾ (ਅਣਉਚਿਤ) ਗੁਰਬਾਣੀ ਅਨੁਵਾਦ; ਨਵੰਬਰ 25, 1888 ਈ. ਵਿਚ ਲਾਹੌਰ ਵਿਖੇ ਕੁਝ ਆਰੀਆ-ਆਗੂਆਂ ਦੁਆਰਾ ਸਿਖ ਧਰਮ ਤੇ ਗੁਰੂ ਸਾਹਿਬਾਨ ਵਿਰੁਧ ਗੈਰ-ਜ਼ਿੰਮੇਵਾਰਨਾ ਪ੍ਰਚਾਰ ਆਦਿ ਸਿੰਘ ਸਭਾ ਲਈ ਦੂਹਰੇ ਪ੍ਰਭਾਵ ਵਾਲੇ ਸਿਧ ਹੁੰਦੇ ਰਹੇ ਤੇ ਬੜਾ ਛੇਤੀ ਹੀ ਇਹ ਲਹਿਰ ਆਮ ਸਿਖ ਜਗਤ ਦਾ ਹਿਸਾ ਬਣ ਗਈ ਅਤੇ 1904ਖ਼05 ਈ ਤਕ ਇਹ ਲਗਪਗ ਪੰਜਾਬ ਦੇ ਹਰ ਪਿੰਡ-ਕਸਬੇ ਤਕ ਪਹੁੰਚ ਗਈ।

## 1.1.3 ਉਦੇਸ਼

ਸਿੰਘ ਸਭਾ ਲਹਿਰ ਦੇ ਬੁਨਿਆਦੀ ਉਦੇਸ਼ ਵਿਚ ਤਾਂ ਅਸਲ ਉਹੀ ਰੀਝ ਆਖਰ ਤਕ ਪਨਪਦੀ ਰਹੀ, ਜਿਹੜੀ ਇਸ ਲਹਿਰ ਦੇ ਰੂਹੇ-ਰਵਾਂ ਪ੍ਰੋ. ਗੁਰਮੁਖ ਸਿੰਘ (1849-98) ਨੇ 1894 ਈ. ਵਿਚ ਕਪੂਰਥਲਾ ਰਿਆਸਤ ਦੇ ਰਾਜਾ ਨਿਹਾਲ ਸਿੰਘ ਦੇ ਸ਼ਾਹੀ ਲੰਗਰਾਂ ਵਿਚ ਆਪਣੇ ਪਿਤਾ (ਲਾਂਗਰੀ) ਭਾਈ ਬਸਾਵਾ ਸਿੰਘ ਨਾਲ ਸੇਵਾ ਕਰਦਿਆਂ, ਸ. ਜੱਸਾ ਸਿੰਘ ਆਹਲੂਵਾਲੀਆ (1718-83 ਈ.) ਦੇ ਜੀਵਨ-ਬਿਰਤਾਂਤ ਨੂੰ ਪੜ੍ਹ ਕੇ ਉਠੀ ਚਿਣਗ ਦੀ ਰੌਸ਼ਨੀ ਵਿਚ ਕੰਵਰ ਬਿਕ੍ਰਮ ਸਿੰਘ ਨੂੰ ਲਿਖੇ ਇਕ ਨਿਜੀ ਖ਼ਤ ਵਿਚ ਪੇਸ਼ ਕੀਤੀ ਸੀ, ਪਰ ਸਮੇਂ ਨਾਲ ਪ੍ਰਸਥਿਤੀਆਂ ਜਾਂ ਲੋੜਾਂ ਦੇ ਸਨਮੁਖ ਉਦੇਸ਼ਾਂ ਦਾ ਘੇਰਾ ਵਧਦਾ ਗਿਆ ਤੇ ਨਾਲ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੁਆਰਾ ਪਹਿਲਾਂ (1880) ਤੋਂ ਨਿਰਧਾਰਤ ਕੀਤੇ ਨਿਯਮਾਂ ਨੂੰ ਵੀ ਕਾਇਮ ਰਖਿਆ ਗਿਆ।

ਉਦੇਸ਼ਾਂ ਜਾਂ ਨਿਯਮਾਂ ਵਿਚ ਪੁਖਤਾ ਕਾਰਜ ਸਨ- ਪਹਿਲਾ, ਸਿਖ ਸਾਹਿਤ ਦਾ ਪ੍ਰਕਾਸ਼ਨ, ਜਿਸ ਤਹਿਤ ਕਈ ਪਧਰਾਂ ਉਪਰ ਕਾਰਜ ਸ਼ੁਰੂ ਕੀਤਾ ਗਿਆ, ਜਿਸ ਵਿਚ ਪ੍ਰਮੁਖਤਾ ਸੀ ਪ੍ਰਚਾਰ/ਪ੍ਰਸਾਰ ਲਈ ਪ੍ਰਚਾਰਾਤਮਕ ਕਿਸਮ ਦੇ ਲੇਖ/ਟ੍ਰੈਕਟ ਛਾਪਣੇ, ਜਿਹੜੇ ਵਧੇਰੇ ਕਰਕੇ ਹਫ਼ਤਾਵਰੀ ਅਖਬਾਰਾਂ / ਰਸਲਿਆਂ ਦਾ ਭਾਗ ਬਣੇ , ਦੂਜਾ ਸਿਖ ਇਤਿਹਾਸ ਦੀ ਖੋਜ ਤੇ ਛਾਣਬੀਣ ਅਤੇ ਤੀਜਾ ਸੀ ਗੁਰਬਾਣੀ ਦਾ ਪ੍ਰਵਾਨਤ ਟੀਕਾ ਕਰਨਾ। ਇਥੇ ਜ਼ਿਕਰਯੋਗ ਹੈ ਕਿ ਕਈ ਦਰਪੇਸ਼ ਮਸਲਿਆਂ ਪ੍ਰਤੀ ਮੋਢੀਆਂ ਦੀ ਸਮਝ ਜਾਂ ਪਹੁੰਚ ਭਾਵੇਂ ਇਕ ਰੂਪ ਨਹੀਂ ਸੀ, ਪਰ ਸਿਖ ਅਧਿਐਨ, ਅਧਿਆਪਨ, ਖੋਜ ਜਾਂ ਪ੍ਰਕਾਸ਼ਨ ਦੇ ਸਵਾਲ ਨੂੰ ਸਭ ਧਿਰਾਂ ਪੁਖਤਗੀ ਨਾਲ ਮਹਿਸੂਸ ਕਰਦੀਆਂ ਸਨ।

ਉਕਤ ਸੰਦਰਭ ਵਿਚ ਜਦੋਂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ (1873) ਹੋਈ, ਤਾਂ

ਨਾਲ ਹੀ ਸਿਖ ਇਤਿਹਾਸ ਦੀ ਖੋਜ ਦਾ ਆਰੰਭ ਵੀ ਹੋਇਆ ਤੇ ਪਹਿਲੀ ਗੋਸ਼ਟੀ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦੇ 'ਪ੍ਰਕਾਸ਼ ਦਿਵਸ' ਦਾ ਨਿਰਣਾ ਸੀ, ਜਿਸ ਦਾ ਸਵਾਲ ਗਿ. ਸਰਦੂਲ ਸਿੰਘ ਕਵੀਸ਼ਰ ਨੇ ਉਠਾਇਆ ਤੇ ਲੰਮੀ ਵਿਚਾਰ-ਚਰਚਾ ਉਪਰੰਤ ਕਤਕ ਕਿ ਵਿਸਾਖ ਪੁਸਤਕ ਦੀ ਪ੍ਰਕਾਸ਼ਨਾ (1912) ਨਾਲ ਇਕ ਪੜਾ ਉਤੇ ਪਹੁੰਚਿਆ, ਜਿਸ ਨੂੰ ਭਾਈ ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਸੀ। ਇਸੇ ਲੜੀ ਵਿਚ ਪੁਰਾਤਨ ਜਨਮਸਾਖੀ ਦੀ ਸੰਪਾਦਨਾ/ਪ੍ਰਕਾਸ਼ਨਾ (1926) ਅਤੇ ਬਾਬਾ ਬੰਦਾ ਸਿੰਘ ਬਹਾਦਰ ਪੁਸਤਕ ਦੀ ਪ੍ਰਕਾਸ਼ਨਾ (1935) ਹੋਈ, ਜਿਸ ਨੂੰ ਕ੍ਰਮਵਾਰ ਭਾਈ ਵੀਰ ਸਿੰਘ ਤੇ ਡਾ. ਗੰਡਾ ਸਿੰਘ ਨੇ ਸਿਰੇ ਚਾੜ੍ਹਿਆ ਸੀ। ਬਾਣੀ-ਵਿਆਖਿਆ ਦੇ ਖੇਤਰ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਦਾ ਗੁਰੁ-ਗਿਰਾਰਥ ਕੋਸ਼, ਗਿਆਨੀ ਹਜ਼ਾਰਾ ਸਿੰਘ ਦਾ ਗੁਰੂ ਗ੍ਰੰਥ ਕੋਸ਼ ਤੇ ਡਾ ਚਰਨ ਸਿੰਘ ਦੇ ਬਾਣੀ-ਬਿਉਰਾ ਦੀ ਪ੍ਰਕਾਸ਼ਨਾ ਦੇ ਨਾਲ ਸੰਸਥਾਮੂਲਕ ਕਾਰਜ ਫਰੀਦਕੋਟੀ ਟੀਕਾ (1883 ਈ.) ਪ੍ਰਕਾਸ਼ ਵਿਚ ਆਇਆ। ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ (1892) ਵਿਚਾਰਾਧੀਨ ਲਹਿਰ ਦੀ ਅਕਾਦਮਿਕ/ਵਿਦਿਅਕ ਪ੍ਰਾਪਤੀ ਦੀ ਸਿਖਰ ਕਹੀ ਜਾ ਸਕਦੀ ਹੈ, ਜਿਸ ਤਹਿਤ ਸਿਖ ਅਕਾਦਮਿਕਤਾ ਨੂੰ ਸੰਸਥਾਮੂਲਕ ਢੋਈ ਮਿਲ ਗਈ ਅਤੇ ਇਸ ਨਾਲ ਪਰੰਪਰਿਕ, ਸੰਸਥਾਗਤ ਤੇ ਪਛਮੀ ਵਿਦਿਆ ਦੀ ਸਾਂਝੀ ਪਹੁੰਚ ਵਿਚ ਕਈ ਨਵੇਂ ਪ੍ਰਤਿਮਾਨ ਸਥਾਪਤ ਹੋਏ, ਜਿਨ੍ਹਾਂ ਵਿਚੋਂ ਇਕ ਬਾਣੀ ਦੀ ਨਵੇਂ ਕੋਣ ਅਨੁਸਾਰ ਵਿਆਖਿਆ ਕਰਨਾ ਵੀ ਸੀ।

ਉਪਰੋਕਤ ਕੀਤੇ ਸਮੁਚੇ ਵਿਚਾਰ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਇਸ ਸਮੇਂ ਦੀ ਸਿਖ ਵਿਦਵਤਾ, ਇਤਿਹਾਸਕਾਰੀ ਰਾਹੀਂ ਲੰਮੇ ਅੰਤਰਾਲ ਬਾਅਦ ਵਿਅਕਤੀਆਂ, ਸਥਾਨਾਂ, ਘਟਨਾਵਾਂ ਦੀ ਨਿਰੰਤਰ ਭਾਲ ਦੇ ਨਾਲ-ਨਾਲ ਸਿਖ ਪਛਾਣ ਦੇ ਸਭਿਆਚਾਰਕ ਅਵਚੇਤਨ ਦਾ ਪੁਨਰ-ਸਿਰਜਣ ਕਰਦੀ ਰਹੀ ਤੇ ਇਸ ਸਿਰਜਣਾ ਦਾ - ਇਤਿਹਾਸ, ਰਹਿਤ ਤੇ ਵਿਆਖਿਆਕਾਰੀ - ਤਿੰਨ ਪ੍ਰਮੁਖ ਸਾਧਨ ਬਣੇ। ਇਸ ਸਮੇਂ ਦੇ ਅਵਚੇਤਨ ਵਿਚ ਸਿਰਜਿਆ ਗਿਆ ਕਿਸੇ ਵੀ ਸਿਖ ਵਿਦਵਾਨ (ਜਿਵੇਂ ਗਿਆਨੀ ਦਿਤ ਸਿੰਘ ਹੁਰਾਂ) ਦਾ, ਕਿਸੇ ਪ੍ਰਕਾਰ ਦਾ ਵੀ ਸਾਹਿਤ, ਵਿਆਖਿਆ/ਵਿਅੰਗ/ਇਤਿਹਾਸ ਦੇ ਮਾਧਿਅਮ ਰਾਹੀਂ ਅਪਣੇ ਸਮਕਾਲ ਵਿਚ, ਸਿਖ ਪਛਾਣ ਨੂੰ ਸਿੱਖ-ਚੇਤਨਾ ਦੀ ਪਹਿਲ ਤਾਜਗੀ ਵਾਲੇ ਸੁਤੰਤਰ ਸਿਧਾਂਤਕ ਆਧਾਰ ਪ੍ਰਦਾਨ ਕਰਦਾ ਹੈ।

¤